**B.C.M.SCHOOL,BASANT AVENUE,DUGRI, LUDHIANA**

**ਜਮਾਤ ਛੇਵੀਂ** **ਵਿਸ਼ਾ ਪੰਜਾਬੀ**

ਪ੍ਰ:-ਰਾਜਾ ਕਿਹੋ ਜਿਹਾ ਹੋਣਾ ਚਾਹੀਦਾ ਹੈ?

ਉੱ:-ਰਾਜਾ ਦਿਆਲੂ ਹੋਣਾ ਚਾਹੀਦਾ ਹੈ।

ਪ੍ਰ:-ਪਰਜਾ ਕਿਹੋ ਜਿਹੇ ਰਾਜੇ ਤੋਂ ਖੁਸ਼ ਰਹਿੰਦੀ ਹੈ?

ਉੱ:-ਜਿਹੜਾ ਰਾਜਾ ਆਪਣੀ ਪਰਜਾ ਦਾ ਭਲਾ ਸੋਚੇ।

ਪ੍ਰ:-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਕਦੋਂ ਸਾਜਿਆ?

ਉੱ:-13 ਅਪ੍ਰੈਲ 1699

ਪ੍ਰ:-ਮਾਧੋ ਦਾਸ ਵੈਰਾਗੀ ਨੂੰ ਬੰਦਾ ਬਹਾਦਰ ਦਾ ਨਾਮ ਕਿਸ ਨੇ ਦਿੱਤਾ?

ਉੱ:-ਗੁਰੂ ਗੋਬਿੰਦ ਸਿੰਘ ਜੀ

ਪ੍ਰ:- ਖਾਲਸੇ ਦਾ ਕੀ ਅਰਥ ਹੁੰਦਾ ਹੈ?

ਉੱ:-ਅਕਾਲ ਪੁਰਖ ਕੀ ਫੌਜ

ਪ੍ਰ:- ਗੁਰੂ ਤੇਗ ਬਹਾਦਰ ਜੀ ਕੌਣ ਸਨ?

ਉੱ:-ਨੌਵੇਂ ਗੁਰੂ

ਪ੍ਰ:-ਆਉਣ ਵਾਲਾ ਸਮਾਂ ਕੀ ਅਖਵਾਉਂਦਾ ਹੈ?

ਉੱ :-ਭਵਿੱਖਤ ਕਾਲ

ਪ੍ਰ:-ਮਾਧੋ ਦਾਸ ਦੀ ਮੁਲਾਕਾਤ ਗੁਰੂ ਗੋਬਿੰਦ ਸਿੰਘ ਜੀ ਨਾਲ ਕਦੋਂ ਹੋਈ?

ਉੱ:-1708 ਈਸਵੀ ਵਿੱਚ ਨਾਦੇੜ ਵਿਖੇ

ਪ੍ਰ:-‘ਨਿਮਰਤਾ’ ਦਾ ਵਿਰੋਧੀ ਸ਼ਬਦ ਦੱਸੋ?

ਉੱ :-ਆਕੜ

ਪ੍ਰ:-‘ਰਹਿਮ’ ਦਾ ਸਮਾਨਾਰਥਕ ਸ਼ਬਦ ਦੱਸੋ?

ਉੱ :-ਦਇਆ, ਕਰੁਣਾ

ਪ੍ਰ:-‘ਚੇਲੇ’ ਦਾ ਸਮਾਨਾਰਥਕ ਸ਼ਬਦ ਦੱਸੋ?

ਉੱ:-ਮੁਰੀਦ, ਸ਼ਿਸ਼

ਪ੍ਰ:-ਬੰਦਾ ਸਿੰਘ ਬਹਾਦਰ ਨੂੰ ਕਿਸ ਮੁਗਲ ਬਾਦਸ਼ਾਹ ਨੇ ਮਾਰਿਆ?

ਉੱ:-ਫਰਖਸੀਅਰ

ਪ੍ਰ:-ਸੇਠ ਵੀ ਉਸ ਰਾਜੇ ਤੋਂ ਬਹੁਤ ਦੁਖੀ ਸੀ।(ਲਿੰਗ ਬਦਲੋ)

ਉੱ:-ਸੇਠਾਣੀ ਵੀ ਉਸ ਰਾਣੀ ਤੋਂ ਬਹੁਤ ਦੁਖੀ ਸੀ।

ਪ੍ਰ:-ਹਿਰਨੀ ਉਸ ਵੇਲੇ ਗਰਭਵਤੀ ਸੀ।(ਵਚਨ ਬਦਲੋ)

ਉੱ:-ਹਿਰਨੀਆਂ ਉਸ ਵੇਲੇ ਗਰਭਵਤੀ ਸਨ।

ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹੋ ਤੇ ਪ੍ਰਸ਼ਨਾਂ ਦੇ ਉੱਤਰ ਦਿਓ:-

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਪੂਰਾ ਨਾਂ ਮੋਹਨ ਦਾਸ ਕਰਮ ਚੰਦ ਗਾਂਧੀ ਸੀ। ਜਦੋਂ ਉਨ੍ਹਾਂ ਦਾ ਜਨਮ ਹੋਇਆ, ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ। ਗਾਂਧੀ ਜੀ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਦੇਸ਼ ਦੀ ਅਗਵਾਈ ਕੀਤੀ। ਗਾਂਧੀ ਜੀ ਦਾ ਜਨਮ 2 ਅਕਤੂਬਰ, 1869 ਈ: ਨੂੰ ਗੁਜਰਾਤ ਦੇ ਪੋਰਬੰਦਰ ਵਿੱਚ ਹੋਇਆ। ਉਹਨਾਂ ਦੇ ਮਨ ਵਿੱਚ ਕਿਸੇ ਧਰਮ ਬਾਰੇ, ਕਿਸੇ ਜਾਤ ਬਾਰੇ ਕੋਈ ਬੁਰੀ ਭਾਵਨਾ ਨਹੀਂ ਸੀ। ਸਾਰਾ ਦੇਸ਼ ਅੱਜ ਵੀ ਉਹਨਾਂ ਨੂੰ ਬਾਪੂ ਦੇ ਨਾਂ ਨਾਲ ਯਾਦ ਕਰਦਾ ਹੈ।

ੳ) ਮਹਾਤਮਾ ਗਾਂਧੀ ਦਾ ਜਨਮ ਕਿੱਥੇ ਹੋਇਆ ?

ਉੱ:- ਗੁਜਰਾਤ ਦੇ ਪੋਰਬੰਦਰ ਵਿੱਚ

ਅ) ਮਹਾਤਮਾ ਗਾਂਧੀ ਦਾ ਪੂਰਾ ਨਾਂ ਕੀ ਸੀ ?

ਉੱ:-ਮੋਹਨ ਦਾਸ ਕਰਮ ਚੰਦ ਗਾਂਧੀ

ੲ) ਮਹਾਤਮਾ ਗਾਂਧੀ ਜੀ ਦਾ ਜਨਮ ਕਿਹੜੇ ਸੰਨ ਵਿੱਚ ਹੋਇਆ ?

ਉੱ:-2 ਅਕਤੂਬਰ, 1869

ਸ) ਮਹਾਤਮਾ ਗਾਂਧੀ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?

ਉੱ:-ਬਾਪੂ ਦੇ ਨਾਮ ਨਾਲ

ਹ) ਮਹਾਤਮਾ ਗਾਂਧੀ ਦੇ ਜਨਮ ਸਮੇਂ ਭਾਰਤ ਕਿਸ ਦਾ ਗੁਲਾਮ ਸੀ ?

ਉੱ:-ਅੰਗਰੇਜ਼ਾਂ ਦਾ